aglasem.com

FOR PUNJAB CLASS 2 PREPARATION

PSEB 2nd Class Syllabus 2027 Mathematics

EXAM	YEAR	TYPE	SUBJECT
Punjab Class 2	2027	Syllabus	Maths

2026-27
ਵਿਸ਼ਾ- ਗਣਿਤ
ਸ੍ਰੇਣੀ - ਦੂਜੀ
ਪਾਠਕ੍ਰਮ

ਕੁਸ਼ਲਤਾਵਾਂ ਅਤੇ ਸਿੱਖਣ -ਪਰਿਣਾਮ

ਬੁਨਿਆਦੀ ਪੱਧਰ
CG- 8 ਬੱਚੇ ਮਾਤਰਾਵਾਂ , ਆਕਾਰਾਂ ਅਤੇ ਮਾਪ ਦੇ ਰਾਹੀਂ ਸੰਸਾਰ ਨੂੰ ਪਛਾਣਨ ਲਈ ਗਣਿਤਿਕ ਸਮਝ ਅਤੇ ਯੋਗਤਾ ਦਾ ਵਿਕਾਸ ਕਰਦੇ ਹਨ ।
C- 8.1 - ਵਸਤੂਆਂ ਨੂੰ ਇੱਕ ਤੋਂ ਵੱਧ ਵਿਸ਼ੇਸ਼ਤਾਵਾਂ ਦੇ ਆਧਾਰ 'ਤੇ ਸਮੂਹ ਅਤੇ ਉਪ-ਸਮੂਹ ਵਿੱਚ ਛਾਂਟਣਾ
1. ਵਸਤੂਆਂ ਨੂੰ ਸਮੂਹਾਂ ਅਤੇ ਉਪ-ਸਮੂਹਾਂ ਵਿੱਚ ਛਾਂਟਦਾ ਹੈ ,(ਜਿਵੇਂ ਕਿ- ਬਲਾਕਾਂ ਦੇ ਇੱਕ ਸਮੂਹ ਵਿੱਚ, ਪਹਿਲਾਂ ਰੰਗਾਂ ਦੇ ਅਧਾਰ 'ਤੇ ਛਾਂਟਦਾ ਹੈ, ਫਿਰ ਉਸੇ ਰੰਗ ਦੇ ਅੰਦਰ,ਰੰਗ ਅਕਾਰ ਦੇ ਅਧਾਰ ਤੇ ਛਾਂਟਦਾ ਹੈ ਅਤੇ ਫਿਰ ਅਕਾਰ ਦੇ ਅੰਦਰ ਮਾਪ ਦੇ ਅਧਾਰ ਤੇ ਛਾਂਟਦਾ ਹੈ। ਰੁੱਖਾਂ ਅਤੇ ਵੇਲਾਂ ਵਿੱਚ ਫਰਕ ਕਰਦਾ ਹੈ: ਉਸ ਦੇ ਅੰਦਰ ਫਲ ਦੇਣ ਵਾਲੇ ਅਤੇ ਨਾ ਫਲ ਦੇਣ ਵਾਲੇ ਵੱਖ ਕਰਦਾ ਹੈ: ਅਤੇ ਫਿਰ ਉਸ ਵਿਚੋਂ ਖਾਣ ਯੋਗ ਅਤੇ ਨਾ ਖਾਣ ਯੋਗ ਵੱਖ ਕਰਦਾ ਹੈ।
C- 8.2 - ਆਪਣੇ ਆਲੇ-ਦੁਆਲੇ ਵਿੱਚੋਂ ਆਕਾਰਾਂ ਅਤੇ ਸੰਖਿਆਵਾਂ ਦੇ ਸਧਾਰਨ ਪੈਟਰਨ ਨੂੰ ਪਛਾਣਨਾ ਅਤੇ ਅੱਗੇ ਵਧਾਉਣਾ ।
2. ਪੈਟਰਨ ਦੇ ਨਿਯਮਾਂ ਦਾ ਵਰਣਨ ਕਰਦਾ ਹੈ ਅਤੇ ਇਸਨੂੰ ਸੰਖਿਆ, ਚਿੰਨ੍ਹਾਂ ਵਾਲੇ ਅਤੇ ਤਰਕਸੰਗਤ ਸੋਚ ਵਾਲੇ ਅਭਾਸੀ (ਅਮੂਰਤ) ਪੈਟਰਨਾਂ 'ਤੇ ਲਾਗੂ ਕਰਦਾ ਹੈ।(ਉਦਾਹਰਣ ਵਜੋਂ: ਚਿੱਤਰਕਾਰੀ ਅਤੇ ਰੰਗ ਭਰਨ ਦੌਰਾਨ ਰੰਗਾਂ ਦੀ ਵਰਤੋਂ ਕਰਕੇ ਪੈਟਰਨ ਬਣਾਉਣਾ। ਸਮਾਨ ਮਾਤਰਾ ਵਾਲੇ ਚਿੰਨ੍ਹਾਂ ਜਾਂ ਬਿੰਦੂਆਂ ਨੂੰ ਵੱਖ-ਵੱਖ ਪੈਟਰਨਾਂ ਵਿੱਚ ਵਰਤਣਾ)
C- 8.3 - ਸਿੱਧੀ ਅਤੇ ਪੁੱਠੀ ਗਿਣਤੀ ਅਤੇ 10-10 , 20-20 ਦੇ ਸਮੂਹਾਂ ਵਿੱਚ 99 ਤੱਕ ਗਿਣਨਾ ।
3. ਇੱਕ ਸੰਖਿਆ ਰੇਖਾ (ਗ੍ਰੈਜੂਏਟਡ), ਜਾਂ ਬਲਾਕਾਂ/ਤਸਵੀਰਾਂ ਦੇ ਉੱਪਰ ਦੋ 2 ਜਾਂ 3 ਦੀ ਅੰਤਰਾਲ ਗਿਣਤੀ ਦਾ ਪ੍ਰਦਰਸ਼ਨ ਕਰਨਾ।
4. ਦਹਾਈਆਂ ਅਤੇ ਇਕਾਈਆਂ ਦੇ ਸਮੂਹਾਂ ਵਿੱਚ, ਸਥਾਨੱਕ ਮੁੱਲ ਦੀ ਵਰਤੋਂ ਕਰਕੇ 99 ਤੱਕ ਦੀਆਂ ਸੰਖਿਆਵਾਂ ਦੇ ਲਈ ਭਾਰਤੀ ਅੰਕਾਂ ਨੂੰ ਪੜ੍ਹਦਾ ਅਤੇ ਲਿਖਦਾ ਹੈ ।
5. 10, 20, 30 ਦੇ ਸਮੂਹਾਂ ਵਿੱਚ 99 ਤੱਕ ਗਿਣਦਾ ਹੈ ।
C- 8.4 - 99 ਤੱਕ ਦੀਆਂ ਸੰਖਿਆਵਾਂ ਨੂੰ ਵੱਧਦੇ ਅਤੇ ਘੱਟਦੇ ਕ੍ਰਮ ਵਿੱਚ ਲਗਾਉਣਾ ।
6. 2 ਦੇ ਸਮੂਹ ਵਿੱਚ ਮਾਤਰਾਵਾਂ ਨੂੰ ਪਛਾਣਦਾ ਹੈ।(ਉਦਾਹਰਨ ਵਜੋਂ: 10 ਦੇ 2 ਸਮੂਹ 20 ਬਣਾਉਂਦੇ ਹਨ)।
C- 8.5 - ਦਸ਼ਮਲਵ ਸਥਾਨਕ ਮੁੱਲ ਪ੍ਰਣਾਲੀ ਦੀ ਸਮਝ ਦੇ ਨਾਲ਼ 99 ਤੱਕ ਦੀ ਮਾਤਰਾ ਨੂੰ ਦਰਸਾਉਣ ਲਈ ਸੰਖਿਆਵਾਂ ਨੂੰ ਪਛਾਣਨਾ ਅਤੇ ਉਹਨਾਂ ਦੀ ਵਰਤੋਂ ਕਰਨਾ ।
7. ਦਿੱਤੇ ਗਏ ਸੰਖਿਆਵਾਂ ਦੇ ਸਮੂਹ ਵਿਚੋਂ ਸੰਖਿਆਵਾਂ ਨੂੰ ਵਧਦੇ (ਛੋਟੀ ਤੋਂ ਵੱਡੀ) ਅਤੇ ਘਟਦੇ (ਵੱਡੀ ਤੋਂ ਛੋਟੀ) ਸਥਾਨਕ ਮੁੱਲ ਦੀ ਸਮਝ ਦੀ ਵਰਤੋਂ ਕਰਕੇ 99 ਤੱਕ ਦੀ ਸੰਖਿਆਵਾਂ ਦੇ ਨਾਮਾਂ ਅਤੇ ਸੰਖਿਆਵਾਂ ਨੂੰ ਪਛਾਣਨਾ, ਪੜ੍ਹਨਾ ਅਤੇ ਲਿਖਨਾ ।
8. ਦਿੱਤੇ ਗਏ ਅੰਕਾਂ (ਦੁਹਰਾਏ ਜਾਂ ਨਾ ਦੁਹਰਾਏ) ਦੀ ਵਰਤੋਂ ਕਰਕੇ ਸਭ ਤੋਂ ਵੱਡੀ ਅਤੇ ਸਭ ਤੋਂ ਛੋਟੀ ਦੋ ਅੰਕਾਂ ਵਾਲੀ ਸੰਖਿਆਵਾਂ ਦੀ ਤੁਲਨਾ ਕਰਨਾ ਅਤੇ ਬਣਾਉਂਣਾ ।
C- 8.6 : ਜੋੜ ਅਤੇ ਤੋੜ ਦੀਆਂ ਲਚਕਦਾਰ ਰਣਨੀਤੀਆਂ ਦੀ ਵਰਤੋਂ ਕਰਕੇ ਅਸਾਨੀ ਨਾਲ 2-ਅੰਕੀ ਸੰਖਿਆਵਾਂ ਦਾ ਜੋੜ ਅਤੇ ਘਟਾਓ ਕਰਨਾ।
9. ਲਚਕਦਾਰ ਰਣਨੀਤੀਆਂ ਦੀ ਵਰਤੋਂ ਕਰਦਾ ਹੈ ਅਤੇ ਸੰਖਿਆਵਾਂ ਦੀ ਰਚਨਾ (ਜੋੜ) ਅਤੇ ਵਿਘਟਨ (ਹਟਾਉਣਾ) ਦੇ ਸੰਯੋਜਨ ਤਰੀਕੇ ਖੋਜਨਾ । (ਉਦਾਹਰਨ ਵਜੋਂ: 57 + 33 ਕਰਨ ਲਈ, ਬੱਚਾ 33 ਵਿੱਚੋਂ 3 ਲੈ ਕੇ 57 ਵਿੱਚ ਜੋੜ ਸਕਦਾ ਹੈ, ਜਿਸ ਨਾਲ 60 ਬਣ ਜਾਂਦੀ ਹੈ। ਫਿਰ 30 ਜੋੜ ਕੇ 90 ਤੱਕ ਪਹੁੰਚ ਜਾਂਦਾ ਹੈ।)
10. ਸਥਾਨਕ ਮੁੱਲ ਸੰਕਲਪ ਦੀ ਸਮਝ ਦੀ ਵਰਤੋਂ ਕਰਕੇ ਦੋ ਸੰਖਿਆਵਾਂ ਨੂੰ ਜੋੜਨਾ (ਜੋੜ 99 ਤੋਂ ਵੱਧ ਨਾ ਹੋਵੇ) ਅਤੇ ਉਹਨਾਂ ਨੂੰ ਰੋਜ਼ਾਨਾ ਜੀਵਨ ਦੀਆਂ ਸਧਾਰਨ ਸਮੱਸਿਆਵਾਂ / ਸਥਿਤੀਆਂ ਵਿੱਚ ਲਾਗੂ ਕਰਨਾ ।
11. ਸਥਾਨਿਕ ਮੁੱਲ ਦੀ ਵਰਤੋਂ ਕਰਕੇ 99 ਤੱਕ ਦੀਆਂ ਦੋ ਸੰਖਿਆਵਾਂ ਦੀ ਘਟਾਓ ਕਰਦਾ ਹੈ ਅਤੇ ਉਹਨਾਂ ਨੂੰ ਰੋਜ਼ਾਨਾ ਦੀਆਂ ਸਧਾਰਨ

ਸਮੱਸਿਆਵਾਂ /ਸਥਿਤੀਆਂ ਨੂੰ ਹੱਲ ਕਰਨ ਵਿੱਚ ਲਈ ਲਾਗੂ ਕਰਦਾ ਹੈ।
12. ਸੰਖਿਆਵਾਂ ਦੇ ਜੋੜ ਅਤੇ ਘਟਾਓ ਦੇ ਵਿਚਕਾਰ ਸੰਬੰਧ ਨੂੰ ਸਮਝਦਾ ਅਤੇ ਲਾਗੂ ਕਰਦਾ ਹੈ।
13. ਇੱਕ ਜਾਣੀ-ਪਛਾਣੀ ਸਥਿਤੀ ਜਾਂ ਸੰਦਰਭ ਵਿੱਚ ਸਮੱਸਿਆਵਾਂ ਦਾ ਹੱਲ ਲੱਭਣ ਲਈ ਸਹੀ ਗਣਿਤਕ ਕ੍ਰਿਆ (ਜੋੜ ਜਾਂ ਘਟਾਉ) ਦੀ ਪਛਾਣ ਕਰਦਾ ਹੈ।
14. ਸਧਾਰਨ ਸ਼ਾਬਦਿਕ ਸਮੱਸਿਆਵਾਂ ਨੂੰ ਸਮਝਦਾ ਅਤੇ ਹੱਲ ਕਰਦਾ ਹੈ।
C- 8.7 ਗੁਣਾ ਨੂੰ ਵਾਰ-ਵਾਰ ਜੋੜ ਅਤੇ ਭਾਗ ਨੂੰ ਬਰਾਬਰ ਵੰਡਣ ਦੇ ਰੂਪ ਵਿੱਚ ਪਛਾਣਨਾ ।
15. 99 ਤੱਕ ਸਧਾਰਣ ਗੁਣਾ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਵਾਰ-ਵਾਰ ਜੋੜ ਦੀ ਵਰਤੋਂ ਕਰਨਾ।
16. ਭਾਗ ਸੰਬੰਧੀ ਸਮੱਸਿਆਵਾਂ ਨੂੰ ਹੱਲ ਕਰਨ ਲਈ ਕਿੰਨੇ ਸਮੂਹ ਬਣਦੇ ਹਨ ,ਇਹ ਪਤਾ ਲਗਾਉਣ ਵਾਸਤੇ ਵਾਰ-ਵਾਰ ਘਟਾਓ ਦੀ ਵਰਤੋਂ ਕਰਨਾ।
C- 8.8 ਬੁਨਿਆਦੀ ਜਿਓਮੈਟ੍ਰਿਕ ਆਕਾਰਾਂ ਅਤੇ ਉਹਨਾਂ ਦੀਆਂ ਨਿਰੀਖਣ ਕਰਨ ਯੋਗ ਵਿਸ਼ੇਸ਼ਤਾਵਾਂ ਨੂੰ ਪਛਾਣਨਾ , ਬਣਾਉਣਾ ਅਤੇ ਉਹਨਾਂ ਦਾ ਵਰਗੀਕਰਨ ਕਰਨਾ , ਕਿਸੇ ਸਥਾਨ ਵਿੱਚ ਵਸਤੂਆਂ ਦੇ ਸਾਪੇਖਿਕ ਸੰਬੰਧ ਨੂੰ ਸਮਝਣਾ ਅਤੇ ਵਿਆਖਿਆ ।
17. 3D (ਤਿੰਨ ਪਸਾਰੀ) ਆਕ੍ਰਿਤੀਆਂ ਨੂੰ ਉਨ੍ਹਾਂ ਦੇ ਨਾਮ ਰਾਹੀਂ ਪਛਾਣਦਾ ਹੈ (ਜਿਵੇਂ ਕਿ ਘਣਾਵ, ਸਿਲੰਡਰ, ਸ਼ੰਕੂ ਅਤੇ ਗੋਲ਼ਾ) ਅਤੇ ਉਨ੍ਹਾਂ ਦੀਆਂ ਵੇਖਣਯੋਗ ਵਿਸ਼ੇਸ਼ਤਾਵਾਂ ਦਾ ਵਰਣਨ ਕਰਦਾ ਹੈ (ਉਦਾਹਰਨ ਵਜੋਂ, ਇੱਕ ਘਣ ਦੇ ਛੇ ਫਲਕ ਹੁੰਦੇ ਹਨ)।
18. 2D (ਦੋ-ਪਸਾਰੀ) ਆਕ੍ਰਿਤੀਆਂ ਨੂੰ ਉਨ੍ਹਾਂ ਦੇ ਨਾਮ ਰਾਹੀਂ ਪਛਾਣਦਾ ਹੈ (ਜਿਵੇਂ ਕਿ ਵਰਗ, ਆਇਤ, ਤਿਕੋਣ ਅਤੇ ਚੱਕਰ) ਅਤੇ ਉਨ੍ਹਾਂ ਦੀਆਂ ਵੇਖਣਯੋਗ ਵਿਸ਼ੇਸ਼ਤਾਵਾਂ ਦਾ ਵਰਣਨ ਕਰਦਾ ਹੈ (ਉਦਾਹਰਨ ਵਜੋਂ, ਕਿਤਾਬ ਦੇ ਸਫ਼ੇ ਆਇਤਾਕਾਰ ਹੁੰਦੇ ਹਨ ਅਤੇ ਇਹਨਾਂ ਦੀਆਂ 4 ਭੁਜਾਵਾਂ ਅਤੇ 4 ਕੋਨੇ ਹੁੰਦੇ ਹਨ)।
19. ਸਿੱਧੀਆਂ ਅਤੇ ਘੁਮਾਵਦਾਰ ਰੇਖਾਵਾਂ ਵਿਚਕਾਰ ਅੰਤਰ ਕਰਦਾ ਹੈ ਅਤੇ ਵੱਖ-ਵੱਖ ਸਥਿਤੀਆਂ ਵਿੱਚ ਸਿੱਧੀਆਂ ਰੇਖਾਵਾਂ ਖਿੱਚਦਾ/ਦਰਸਾਉਂਦਾਹੈ। (ਜਿਵੇਂਕਿ ਖੜ੍ਹਵੀਂ, ਲੇਟਵੀਂ , ਤਿਰਛੀ)
20. ਤਿੰਨ-ਪਸਾਰੀ ਆਕ੍ਰਿਤੀਆਂ ਦੀਆਂ ਦੋ-ਪਸਾਰੀ ਖਾਕਿਆਂ ਨੂੰ ਟ੍ਰੇਸ ਕਰਦਾ ਹੈ।
21. ਵਸਤੂਆਂ ਦੇ ਪਰਛਾਵੇਂ ਦੇਖ ਕੇ ਵਸਤੂਆਂ ਦੀ ਪਛਾਣ ਕਰਦਾ ਹੈ।
C- 8.9 ਆਪਣੇ ਆਲੇ-ਦੁਆਲੇ ਦੇ ਵਾਤਾਵਰਨ ਵਿਚਲੀਆਂ ਵਸਤੂਆਂ ਦੀ ਲੰਬਾਈ , ਭਾਰ ਅਤੇ ਆਇਤਨ ਦਾ ਸਧਾਰਨ ਮਾਪ ਕਰਨ ਲਈ ਢੁਕਵੇਂ ਉਪਕਰਨਾਂ ਅਤੇ ਇਕਾਈਆਂ ਦੀ ਚੋਣ ਕਰਨਾ ਹੈ ।
ਲੰਬਾਈ
22. ਛੋਟੇ ਅਤੇ ਲੰਬੇ ਰਸਤਿਆਂ ਦੀ ਲੰਬਾਈ ਅਤੇ ਦੂਰੀ ਨੂੰ ਇਕਸਾਰ (ਗੈਰ-ਮਿਆਰੀ) ਇਕਾਈਆਂ ਦੀ ਵਰਤੋਂ ਕਰਕੇ ਮਾਪਦਾ ਹੈ ਅਤੇ ਵੱਡੀ ਲੰਬਾਈ ਵੱਲ ਵਧਦਾ ਹੈ ।
23. ਰਾੱਡ / ਪੈੱਨਸਿਲ/ਕੱਪ/ਚਮਚ/ਬਾਲਟੀ ਵਰਗੀਆਂ ਇਕਸਾਰ ਗੈਰ-ਮਿਆਰੀ ਇਕਾਈਆਂ ਦੀ ਵਰਤੋਂ ਕਰਕੇ ਡੱਬਿਆਂ ਦੀ ਲੰਬਾਈ/ਦੂਰੀ ਅਤੇ ਭਾਂਡਿਆਂ ਦੀ ਧਾਰਨ ਸਮਰੱਥਾ ਆਦਿ ਦਾ ਅੰਦਾਜ਼ਾ ਲਗਾਉਂਦਾ ਹੈ ਅਤੇ ਮਾਪਦਾ ਹੈ ।
ਭਾਰ
24. ਸਧਾਰਨ ਤਰਾਜ਼ੂ ਦੀ ਜ਼ਰੂਰਤ ਨੂੰ ਸਮਝਦਾ ਹੈ।
25. ਸਧਾਰਨ ਤਰਾਜ਼ੂ ਦੀ ਵਰਤੋਂ ਕਰਕੇ ਦਿੱਤੀਆਂ ਗਈਆਂ ਵਸਤੂਆਂ ਦੇ ਭਾਰ ਦੀ ਤੁਲਨਾ ਕਰਦਾ ਹੈ ।
ਆਇਤਨ (ਧਾਰਨ ਸਮਰੱਥਾ)
26. ਭਾਂਡਿਆਂ ਨੂੰ ਉਹਨਾਂ ਦੀ ਧਾਰਨ ਸਮਰੱਥਾ ਅਨੁਸਾਰ ਕ੍ਰਮਬੱਧ ਕਰਦਾ ਹੈ ਅਤੇ ਡੋਲ ਕੇ ਪੁਸ਼ਟੀ ਕਰਦਾ ਹੈ।
C- 8.10 ਮਿੰਟਾਂ , ਘੰਟਿਆਂ , ਦਿਨਾ , ਹਫ਼ਤਿਆਂ ਅਤੇ ਮਹੀਨਿਆਂ ਵਿੱਚ ਸਮੇਂ ਦਾ ਸਧਾਰਨ ਮਾਪਣ ਕਰਨਾ ।
27. ਰੁੱਤਾਂ ਦੇ ਕ੍ਰਮ(ਸਥਾਨਿਕ ਤੌਰ' ਤੇ ਵੱਖ-ਵੱਖ) ਦਾ ਅਨੁਭਵ ਹਾਸਲ ਕਰਦਾ ਹੈ ।

28. ਮਿਆਰੀ ਇਕਾਈਆਂ ਜਿਵੇਂ ਦਿਨ, ਘੰਟੇ ਆਦਿ ਦੀ ਵਰਤੋਂ ਕਰਦੇ ਹੋਏ ਸਮੇਂ ਦੀ ਮਿਆਦ ਨੂੰ ਮਾਪਦਾ ਹੈ । ਜਿਵੇਂ – ਇੱਕ ਹਫ਼ਤੇ ਵਿੱਚ 7 ਦਿਨ ਅਤੇ ਇੱਕ ਦਿਨ ਵਿੱਚ 24 ਘੰਟੇ ਹੁੰਦੇ ਹਨ ।
C- 8.11 100 ਰੁਪੈ ਤੱਕ ਦੀ ਕਰੰਸੀ ਦੀ ਵਰਤੋਂ ਕਰਦੇ ਹੋਏ ਸਧਾਰਨ ਲੈਣ-ਦੇਣ ਕਰਨਾ ।
29. ਨੋਟਾਂ ਅਤੇ ਸਿੱਕਿਆਂ ਨੂੰ ਜੋੜ ਕੇ ₹ 100 ਤੱਕ ਦੀ ਰਕਮ ਬਣਾਉਂਦਾ ਹੈ ।
C- 8.12 ਮਾਤਰਾਵਾਂ , ਆਕਾਰਾਂ , ਸਥਾਨ ਅਤੇ ਮਾਪ ਨਾਲ਼ ਸੰਬੰਧਿਤ ਸੰਕਲਪਾਂ ਅਤੇ ਪ੍ਰਕਿਰਿਆਵਾਂ ਨੂੰ ਸਮਝਣ ਅਤੇ ਪ੍ਰਗਟ ਕਰਨ ਲਈ ਲੋੜੀਂਦੀ ਅਤੇ ਢੁਕਵੀਂ ਸ਼ਬਦਾਵਲੀ ਵਿਕਸਿਤ ਕਰਨਾ ।
30. ਲਿਖਤ ਨੂੰ ਸਮਝਦਾ ਹੈ ਅਤੇ ਲਿਖਤ ਵਿੱਚ ਸਾਮਲ ਸਧਾਰਨ ਗਣਿਤਿਕ ਸਮੱਸਿਆਵਾਂ ਨੂੰ ਖੋਜਦਾ ਹੈ।
31. ਸਧਾਰਨ ਗਣਿਤ ਦੀਆਂ ਬੁਝਾਰਤਾਂ ਅਤੇ ਪਜ਼ਲਜ਼ ਬਣਾਉਂਦਾ ਹੈ
C- 8.12 ਮਾਤਰਾ, ਆਕ੍ਰਿਤੀਆਂ , ਸਥਾਨ ਅਤੇ ਮਾਪ ਨਾਲ਼ ਸੰਬੰਧਿਤ ਅਸਾਨ ਗਣਿਤਿਕ ਸਮੱਸਿਆਵਾਂ ਨੂੰ ਤਿਆਰ ਅਤੇ ਹੱਲ ਕਰਨਾ ।
32. ਇੱਕ ਸਧਾਰਨ ਗਣਿਤਿਕ ਸਮੱਸਿਆਂ ਨੂੰ ਹੱਲ ਕਰਨ ਦੇ ਵੱਖ-ਵੱਖ ਤਰੀਕਿਆਂ ਬਾਰੇ ਗੱਲ ਕਰਦਾ ਹੈ।
33. ਆਪਣੇ ਹੱਲ ਦੀ ਮੁੜ ਜਾਂਚ ਕਰਦਾ ਹੈ ਕਿ ਇਸ ਵਿੱਚ ਕੋਈ ਤਰੁੱਟੀਆਂ ਤੇ ਨਹੀਂ।
34. ਖੇਡਾਂ ਅਤੇ ਪਹੇਲੀਆਂ ਵਿੱਚ ਰੁੱਝ ਜਾਂਦਾ ਹੈ ਜਿੰਨ੍ਹਾਂ ਨੂੰ ਮਾਤਰਾ ਦੀ ਲੋੜ ਹੁੰਦੀ ਹੈ।

ਵਿਸ਼ਾ ਸੂਚੀ

ਲੜੀ ਨੰ	ਅਧਿਆਇ ਦਾ ਨਾਂ
1	ਸੰਖਿਆਵਾਂ
2	ਜੋੜ-ਘਟਾਓ
3	ਗੁਣਾ ਅਤੇ ਭਾਗ
4	ਧਨ (ਕਰੰਸੀ)
5	ਆਕ੍ਰਿਤੀਆਂ
6	ਪੈਟਰਨ (ਨਮੂਨਾ)
7	ਮਾਪ
8	ਸਮਾਂ
9	ਅੰਕੜੇ

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਨਿਰਧਾਰਿਤ ਕੀਤੀ ਪਾਠ-ਪੁਸਤਕ - ਗਣਿਤ ਦੀ ਦੁਨੀਆ (ਪੰਜਾਬੀ ਮਾਧਿਅਮ)